ਸਮਾਂ : 90 ਮਿੰਟ ਕੁੱਲ ਅੰਕ : 30

- ਹਰੇਕ ਪ੍ਰਸ਼ਨ ਦਾ ਸਹੀ ਉੱਤਰ ਇੱਕ ਅੰਕ ਦਾ ਹੋਵੇਗਾ।
- ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।
- ਕਿਸੇ ਵੀ ਗ਼ਲਤ ਉੱਤਰ ਦੇ ਅੰਕ ਨਹੀਂ ਕੱਟੇ ਜਾਣਗੇ।

(ਭਾਗ – ੳ)

ਸਾਹਿਲ ਮਾਲ਼ਾ (1 ਤੋਂ 14 ਪ੍ਰਸ਼ਨ)

1. 'ਪਵਣੁ ਗੁਰੂ ਪਾਣੀ ਪਿਤਾ' ਬਾਣੀ ਅਨੁਸਾਰ ਗੁਰੂ ਜੀ ਨੇ ਪਾਣੀ ਨੂੰ ਕਿਸ ਦਾ ਰੂਪ ਦੱਸਿਆ ਹੈ?
   ੳ. ਪਿਤਾ ਦਾ ਅ. ਗੁਰੂ ਦਾ
   ੲ. ਧਰਤੀ ਦਾ ਸ. ਮਾਤਾ ਦਾ
2. ਗੁਰੂ ਅਮਰਦਾਸ ਜੀ ਦੀ ਬਾਣੀ ਕਿਹੜੀ ਹੈ?
   ੳ. ਸੋ ਕਿਉ ਮੰਦਾ ਆਖੀਐ ਅ. ਪਵਣੁ ਗੁਰੂ ਪਾਣੀ ਪਿਤਾ
   ੲ. ਅਨੰਦੁ ਭਇਆ ਮੇਰੀ ਮਾਏ ਸ. ਮਿਠ ਬੋਲੜਾ ਜੀ ਹਰਿ ਸਜਣੁ
3. ਫ਼ਰੀਦ ਜੀ ਅਨੁਸਾਰ ਸਭ ਤੋਂ ਮਿੱਠੀ ਚੀਜ਼ ਕਿਹੜੀ ਹੈ?
   ੳ. ਗੁੜ ਅ. ਸ਼ਹਿਦ
   ੲ. ਮਾਝਾ ਦੁੱਧ ਸ. ਰੱਬ ਦਾ ਨਾਂ
4. ਸ਼ਾਹ ਹੁਸੈਨ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ?
   ੳ. ਮਜਾਜੀ ਅ. ਹਕੀਕੀ
   ੲ. ਦੁਨਿਆਵੀ ਸ. ਰੱਬੀ
5. ਸਾਹਿਬਾਂ ਦੇ ਬਾਪ ਦਾ ਨਾਂ ਕੀ ਸੀ ?
   ੳ. ਖੀਵਾ ਖਾਨ ਅ. ਮਿਰਜ਼ਾ
   ੲ. ਬਿੰਝਲ ਸ. ਸਮੀਰ
6. ਰਾਂਝੇ ਦੇ ਹਿੱਸੇ ਕਿਹੋ-ਜਿਹੀ ਜ਼ਮੀਨ ਆਈ?
   ੳ. ਉਪਜਾਊ ਅ. ਬੰਜਰ
   ੲ. ਸ਼ਹਿਰੀ ਸ. ਨੀਵੀਂ
7. ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸਿੱਧ ਰਚਨਾ ਕਿਹੜੀ ਹੈ?
   ੳ. ਨਾਦਰਸ਼ਾਹ ਦੀ ਵਾਰ ਅ. ਚੱਠਿਆਂ ਦੀ ਵਾਰ
   ੲ. ਭੇੜੇ ਦੀ ਵਾਰ ਸ. ਚੰਡੀ ਦੀ ਵਾਰ
8. 'ਰਬਾਬ ਮੰਗਾਉਨ ਦਾ ਬਿਰਤਾਂਤ' ਨਿੰਬਧ ਦਾ ਲੇਖਕ ਕੌਣ ਹੈ?
   ੳ. ਪ੍ਰਿੰ. ਤੇਜਾ ਸਿੰਘ ਅ. ਗਿਆਨੀ ਦਿੱਤ ਸਿੰਘ
   ੲ. ਡਾ. ਬਲਬੀਰ ਸਿੰਘ ਸ. ਸ. ਗੁਰਬਖ਼ਸ਼ ਸਿੰਘ

https://www.punjabboardonline.com

9. **ਅਰਦਾਸ ਕਦੋਂ ਕੀਤੀ ਜਾਂਦੀ ਹੈ?**

ੳ. ਜਨਮ ਵੇਲੇ
ਅ. ਮਰਨ ਵੇਲੇ
ੲ. ਵਿਆਹ ਵੇਲੇ
ਸ. ਉਪਰੋਕਤ ਸਾਰੇ

- **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ (10-14) -**

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ ਜਿੱਥੇ ਮਨੁੱਖ ਦੇ ਪਿਆਰ ਦੀਆਂ ਸੱਧਰਾਂ ਪਲਦੀਆਂ ਹਨ, ਜਿੱਥੇ ਬਾਲਪਨ ਵਿੱਚ ਮਾਂ, ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ। ਉਸ ਦੇ ਆਚਰਨ ਬਣਾਉਣ ਵਿੱਚ ਜਿੱਥੇ ਸਮਾਜਿਕ ਤੇ ਮੁਲਕੀ ਆਲੇ-ਦੁਆਲੇ ਦਾ ਅਸਰ ਕੰਮ ਕਰਦਾ ਹੈ, ਉੱਥੇ ਘਰ ਦੀ ਚਾਰ-ਦਿਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਦਾ ਅਸਰ ਵੀ ਘੱਟ ਕੰਮ ਨਹੀਂ ਕਰਦਾ ਸਗੋਂ ਮਨੁੱਖ ਦਾ ਆਚਰਨ ਬਣਦਾ ਹੀ ਘਰ ਵਿੱਚ ਹੈ। ਕਈ ਵਾਰ ਜਦ ਮੈਂ ਕਿਸੇ ਸੱਜਣ ਨੂੰ ਕੌੜੇ, ਸੜੀਅਲ ਜਾਂ ਖਿਝੂ ਸੁਭਾਅ ਵਾਲਾ ਦੇਖਦਾ ਹਾਂ ਤਾਂ ਮੈਂ ਦਿਲ ਵਿੱਚ ਕਹਿੰਦਾ ਹਾਂ, ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ। ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ ਪਿਆਰ ਪੈਦਾ ਹੁੰਦਾ ਹੈ।

10. **ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਵਿੱਚ ਸਮਾਜਿਕ ਤੇ ਸੰਸਾਰਿਕ ਆਲੇ-ਦੁਆਲੇ ਜਿੰਨਾ ਹਿੱਸਾ ਕੌਣ ਪਾਉਂਦਾ ਹੈ?**

ੳ. ਮਾਂ
ਅ. ਘਰ
ੲ. ਭੈਣ-ਭਰਾ
ਸ. ਵਿਦਵਾਨ

11. **ਜਿਹੜੇ ਮਨੁੱਖ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੁੰਦਾ, ਉਸ ਦਾ ਸੁਭਾਅ ......... ਹੁੰਦਾ ਹੈ?**

ੳ. ਸੜੀਅਲ
ਅ. ਖਿਝੂ
ੲ. ੳ ਅਤੇ ਅ ਦੋਵੇਂ ਸਹੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ

12. **ਕਿਸ ਦਾ ਸੁਭਾਅ ਰੁੱਖਾ ਹੁੰਦਾ ਹੈ?**

ੳ. ਘਰ ਦੇ ਪਿਆਰ ਤੋਂ ਸੱਖਣੇ ਦਾ
ਅ. ਜਿਸ ਨੂੰ ਘਰੋਂ ਪਿਆਰ ਮਿਲਿਆ ਹੋਵੇ
ੲ. ਪੰਡਾਲਾਂ 'ਚ ਕਥਾ ਕਰਨ ਵਾਲੇ ਦਾ
ਸ. ਦੂਜਿਆਂ ਨੂੰ ਹੈਰਾਨ ਕਰਨ ਵਾਲੇ ਦਾ

13. **ਉਪਰੋਕਤ ਪੈਰੇ ਵਿੱਚ ਕਿਹੜੇ ਰਿਸ਼ਤੇ ਦਾ ਜ਼ਿਕਰ ਆਇਆ ਹੈ?**

**ੳ. ਮਾਂ**
**ਅ. ਭੈਣ**
**ੲ. ਭਰਾ**
**ਸ. ਉਪਰੋਕਤ ਸਾਰੇ**

https://www.punjabboardonline.com

14. **ਦੇਸ ਪਿਆਰ ਕਿੱਥੋਂ ਪੈਦਾ ਹੁੰਦਾ ਹੈ?**

ੳ. ਘਰੋਗੀ ਜੀਵਨ ਤੋਂ | ਅ. ਸਮਾਜ ਤੋਂ

ੲ. ਵਿਦਵਾਨਾਂ ਤੋਂ | ਸ. ਉਪਰੋਕਤ ਸਾਰੇ

**(ਭਾਗ – ਅ)**

**ਵੰਨਗੀ (15 ਤੋਂ 24 ਪ੍ਰਸ਼ਨ)**

15. **ਕਿਸ ਦੀ ਤੰਗੀ ਹਵਾਲਾਤ ਦੀ ਤੰਗੀ ਤੋਂ ਭੈੜੀ ਹੁੰਦੀ ਹੈ?**

ੳ. ਪੈਸੇ ਦੀ | ਅ. ਕੈਦ ਦੀ

ੲ. ਸਮੇਂ ਦੀ | ਸ. ਜੇਲ੍ਹ ਦੀ

16. **ਕੁਲਫ਼ੀ ਕਹਾਣੀ ਵਿੱਚ ਕੌਣ ਆਪਣੇ-ਆਪ ਨੂੰ ਕਾਇਰ ਦੱਸਦਾ ਹੈ?**

ੳ. ਸ਼ਾਹਾਂ ਦਾ ਮੁੰਡਾ | ਅ. ਕਾਕਾ

ੲ. ਲੇਖਕ | ਸ. ਕੁਲਫ਼ੀ ਵਾਲ਼ਾ

17. **ਬਲਵੰਤ ਰਾਏ ਕਿਹੜੇ ਦੇਸ ਵਿੱਚ ਰਹਿੰਦਾ ਸੀ?**

ੳ. ਭਾਰਤ | ਅ. ਅਮਰੀਕਾ

ੲ. ਪੰਜਾਬ | ਸ. ਇੰਗਲੈਂਡ

18. **'ਅੰਗ-ਸੰਗ' ਕਹਾਣੀ ਕਿਸ ਕਹਾਣੀਕਾਰ ਦੁਆਰਾ ਲਿਖੀ ਹੋਈ ਹੈ?**

ੳ. ਸ. ਵਰਿਆਮ ਸੰਧੂ | ਅ. ਸ. ਨਾਨਕ ਸਿੰਘ

ੲ. ਸ. ਰਘੁਬੀਰ ਢੰਡ | ਸ. ਸ੍ਰੀਮਤੀ ਅਜੀਤ ਕੌਰ

19. **ਕਰਤਾਰ ਸਿੰਘ ਨੇ ਸੁਸਾਇਟੀ ਦਾ ਕਿੰਨਾ ਕਰਜ਼ਾ ਦੇਣਾ ਸੀ?**

ੳ. 200 ਰੁਪਏ | ਅ. 1600 ਰੁਪਏ

ੲ. 1650 ਰੁਪਏ | ਸ. 1500 ਰੁਪਏ

20. **ਵਜ਼ੀਰਾ ਕਿਹੜੇ ਬੰਬ ਬਣਾਉਂਦਾ ਸੀ?**

ੳ. ਕੈਮੀਕਲ | ਅ. ਟਾਂਗੇ ਦੇ

ੲ. ੳ ਅਤੇ ਅ ਦੋਵੇਂ ਸਹੀ | ਸ. ਉਪਰੋਕਤ ਵਿੱਚੋਂ ਕੋਈ ਨਹੀਂ

21. **'ਨਾਇਕ' ਇਕਾਂਗੀ ਵਿੱਚ ਪਿਤਾ ਕਿੰਨੇ ਰੂਪਾਂ ਵਿੱਚ ਪੇਸ਼ ਹੁੰਦਾ ਹੈ?**

**ੳ. ਇੱਕ** | **ਅ. ਦੋ**

**ੲ. ਤਿੰਨ** | **ਸ. ਚਾਰ**

https://www.punjabboardonline.com

**ਵਾਰਤਾਲਾਪ ਅਧਾਰਿਤ ਪ੍ਰਸ਼ਨ (22-24) -**

"ਮੈਂ ਬੇਇੱਜ਼ਤ ਹੋਣ ਵਾਸਤੇ ਨਹੀਂ ਏਡੀ ਦੂਰ ਆਈ। ਬੇਇੱਜ਼ਤੀ ਦਾ ਦਾਗ ਮੈਂ ਮੱਥੇ ਤੋਂ ਧੋਣ ਆਈ ਆਂ। ਮੌਤ ਜਾਂ ਇੱਜ਼ਤ ਕੁਝ ਵੀ ਮਨਜ਼ੂਰ ਏ।" https://www.punjabboardonline.com

22. **ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਲਏ ਗਏ ਹਨ?**
23. **ਇਹ ਇਕਾਂਗੀ ਕਿਸ ਇਕਾਂਗੀਕਾਰ ਦੀ ਰਚਨਾ ਹੈ?**
24. **ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?**

**(ਭਾਗ - ੲ)**

**ਇੱਕ ਹੋਰ ਨਵਾਂ ਸਾਲ (25 ਤੋਂ 30 ਪ੍ਰਸ਼ਨ)**

25. **'ਇੱਕ ਹੋਰ ਨਵਾਂ ਸਾਲ' ਨਾਵਲ ਦਾ ਮੁੱਖ ਪਾਤਰ ਕੌਣ ਹੈ?**
    ੳ. ਬੰਤਾ　　ਅ. ਤਾਰੋ
    ੲ. ਫੁੰਮਣ　　ਸ. ਮਹੇਸ਼ੀ
26. **ਬੰਤਾ ਆਮ ਤੌਰ 'ਤੇ ਸਵੇਰ ਦੀ ਚਾਹ ਨਾਲ਼ ਕੀ ਖਾਂਦਾ ਹੈ?**
    ੳ. ਬਰੈਡ　　ਅ. ਬੇਹੀ ਰੋਟੀ
    ੲ. ਬਿਸਕੁਟ　　ਸ. ਰਸ
27. **ਬੰਤਾ ਕਿੰਨਾ ਪੜ੍ਹਿਆ ਹੋਇਆ ਸੀ?**
    ੳ. ਪੰਜਵੀਂ ਪਾਸ　　ਅ. ਚੌਥੀ
    ੲ. ਪੰਜਵੀਂ ਫੇਲ੍ਹ　　ਸ. ਦਸਵੀਂ
28. **ਬੰਤੇ ਦੇ ਕਿੰਨੇ ਬੱਚੇ ਸਨ?**
    ੳ. ਇੱਕ　　ਅ. ਦੋ
    ੲ. ਤਿੰਨ　　ਸ. ਚਾਰ
29. **ਬੰਤਾ ਆਪਣੀ ਟੌਹਰ ਬਣਾਉਣ ਲਈ ਆਪਣੇ ਸਹੁਰੇ ਕਿਹੜੀ ਅਖ਼ਬਾਰ ਲੈ ਕੇ ਜਾਂਦਾ ਸੀ?**
    ੳ. ਉਰਦੂ　　ਅ. ਹਿੰਦੀ
    ੲ. ਪੰਜਾਬੀ　　ਸ. ਅੰਗਰੇਜ਼ੀ
30. **ਬੰਤੇ ਦਾ ਸਵੇਰੇ ਛੇ ਵਜੇ ਕਿੱਥੇ ਪਹੁੰਚਣ ਦਾ ਪ੍ਰੋਗਰਾਮ ਸੀ?**
    ੳ. ਰੇਲਵੇ ਸਟੇਸ਼ਨ　　ਅ. ਗੁਰਦੁਆਰੇ
    ੲ. ਜਲ੍ਹਿਆਂ ਵਾਲ਼ੇ ਬਾਗ਼　　ਸ. ਹਾਲ ਗੇਟ